BRAMPTON Flower City
brampton.ca

# media release

4 ਅਕਤੂਬਰ, 2018

## ਕੀ ਤੁਹਾਨੂੰ ਲੱਗਦਾ ਹੈ ਕਿ ਵੋਟਿੰਗ ਮਹੱਤਵਪੂਰਨ ਨਹੀਂ ਹੈ? ਦੁਬਾਰਾ ਸੋਚੋ।

ਬ੍ਰੈਂਪਟਨ, ਓਨਟੈਰੀਓ – ਸੜਕਾਂ, ਪਾਰਕਸ, ਪਬਲਿਕ ਟ੍ਰਾਂਜ਼ਿਟ, ਐਮਰਜੈਂਸੀ ਸੇਵਾਵਾਂ, ਮਨਪਰਚਾਵਾ (ਰੇਕ੍ਰੀਏਸ਼ਨ), ਲਾਇਬ੍ਰੇਰੀਆਂ ...ਜੇਕਰ ਇਹਨਾਂ ਵਿੱਚ ਇੱਕ ਸੇਵਾ ਵੀ ਤੁਹਾਡੇ ਲਈ ਮਹੱਤਵਪੂਰਨ ਹੈ, ਤਾਂ ਤੁਹਾਡੀ ਵੋਟ ਮਹੱਤਵਪੂਰਨ ਹੈ। ਇਹ ਇਸ ਗੱਲ 'ਤੇ ਜ਼ੋਰ ਪਾਉਣ ਵਾਲੇ ਨਵੇਂ ਵੀਡੀਓ ਵਿੱਚ ਮੁੱਖ ਸੁਨੇਹਾ ਹੈ, "It Counts. You Count" ("ਇਹ ਮਹੱਤਵਪੂਰਨ ਹੈ। ਤੁਸੀਂ ਮਹੱਤਵਪੂਰਨ ਹੋ।"), ਜੋ ਯੋਗ ਮਤਦਾਤਾਵਾਂ ਨੂੰ 22 ਅਕਤੂਬਰ, 2018 ਨੂੰ ਆ ਕੇ ਮਿਊਨਿਸਿਪਲ ਚੋਣਾਂ ਵਿੱਚ ਵੋਟ ਪਾਉਣ ਦੀ ਬੇਨਤੀ ਕਰਦੇ ਹੋਏ, ਸਿਟੀ ਆਫ ਬ੍ਰੈਂਪਟਨ (City of Brampton) ਵੱਲੋਂ ਰਿਲੀਜ਼ ਕੀਤਾ ਗਿਆ ਸੀ।

2018 ਦੀਆਂ ਬ੍ਰੈਂਪਟਨ ਦੀਆਂ ਮਿਊਨਿਸਿਪਲ ਚੋਣਾਂ (2018 Brampton Municipal Election) ਲਈ ਸਿਟੀ ਕਲਰਕ ਐਂਡ ਰਿਟਰਨਿੰਗ ਅਫ਼ਸਰ, ਪੀਟਰ ਫੇ (Peter Fay) ਨੇ ਕਿਹਾ, "ਲੋਕ ਆਪਣੀ ਸਿਟੀ ਦੀਆਂ ਸੇਵਾਵਾਂ ਅਤੇ ਪ੍ਰੋਗਰਾਮਾਂ ਨਾਲ ਕਾਫ਼ੀ ਜ਼ਿਆਦਾ ਜੁੜੇ ਹੁੰਦੇ ਹਨ, ਪਰ ਉਹਨਾਂ ਨੂੰ ਇਸਦਾ ਘੱਟ ਅਹਿਸਾਸ ਹੁੰਦਾ ਹੈ। ਵੋਟਿੰਗ ਇਸਦਾ ਇੱਕ ਪ੍ਰਭਾਵਸ਼ਾਲੀ ਤਰੀਕਾ ਹੈ ਕਿ ਉਹਨਾਂ ਦੀ ਸਥਾਨਕ ਸਰਕਾਰ ਵਿੱਚ ਉਹਨਾਂ ਦੀ ਰਾਏ ਸੁਣੀ ਜਾਵੇ। ਪਿਛਲੇ ਸਾਲ ਵਰਤੀਆਂ ਗਈਆਂ ਸਿਟੀ ਦੀਆਂ ਕੁਝ ਸੇਵਾਵਾਂ ਅਤੇ ਪ੍ਰੋਗਰਾਮਾਂ ਵਿੱਚ ਸ਼ਾਮਲ ਹਨ, ਬਜ਼ੁਰਗਾਂ ਵੱਲੋਂ 1.2 ਮਿਲੀਅਨ ਵਾਰ ਟ੍ਰਾਂਜ਼ਿਟ ਦੀ ਸਵਾਰੀ ਅਤੇ ਨੌਜਵਾਨਾਂ ਵੱਲੋਂ 3.4 ਮਿਲੀਅਨ ਵਾਰ ਸਵਾਰੀ; ਬੱਚਿਆਂ ਦੇ ਮਨਪਰਚਾਵੇ ਦੇ ਪ੍ਰੋਗਰਾਮਾਂ ਵਿੱਚ 124,900 ਰਜਿਸਟਰੇਸ਼ਨ; ਬ੍ਰੈਂਪਟਨ ਲਾਇਬ੍ਰੇਰੀ (Brampton Library) ਵੱਲੋਂ ਉਧਾਰ ਲਈਆਂ 4 ਮਿਲੀਅਨ ਵਸਤਾਂ; ਅਤੇ ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ (Brampton Fire and Emergency Services) ਵੱਲੋਂ ਪ੍ਰਤੀਕਿਰਿਆ ਕੀਤੀਆਂ ਗਈਆਂ 24,320 ਐਮਰਜੈਂਸੀ ਕਾਲਾਂ।

ਫੇ ਨੇ ਅੱਗੇ ਕਿਹਾ, "ਜਦੋਂ ਤੁਸੀਂ ਮੇਅਰ (Mayor), ਕਾਉਂਸਲਰ (Councillor) ਅਤੇ ਸਕੂਲ ਬੋਰਡ ਟ੍ਰਸਟੀ (School Board Trustee) ਲਈ ਵੋਟ ਪਾਉਂਦੇ ਹੋ, ਤਾਂ ਤੁਸੀਂ ਉਹਨਾਂ ਕੰਮਾਂ 'ਤੇ ਫ਼ੈਸਲੇ ਕਰਨ ਲਈ ਉਹਨਾਂ ਨੂੰ ਜ਼ਿੰਮੇਵਾਰੀ ਸੌਂਪਦੇ ਹੋ, ਜੋ ਰੋਜ਼ਾਨਾ ਤੁਹਾਡੇ ਲਈ ਮਹੱਤਵਪੂਰਨ ਹਨ। ਇਸ ਕਾਰਨ ਤੁਹਾਨੂੰ ਵੋਟ ਪਾਉਣਾ ਚਾਹੀਦਾ ਹੈ।"

ਡੇਟਾ ਦਰਸਾਉਂਦਾ ਹੈ ਕਿ ਨੌਜਵਾਨ ਮਤਦਾਤਾ ਮੌਜੂਦਗੀ ਲਗਭਗ 21 ਪ੍ਰਤੀਸ਼ਤ 'ਤੇ, ਹੋਰ ਉਮਰ ਵਰਗਾਂ ਦੇ ਮੁਕਾਬਲੇ ਬਿਲਕੁੱਲ ਘੱਟ ਹੈ। ਹੋਰ ਜਾਣਕਾਰੀ ਇਸ data story (ਡੇਟਾ ਸਟੋਰੀ) ਵਿੱਚ ਉਪਲਬਧ ਹੈ।

ਜਿੱਥੇ ਪਹਿਲਾਂ ਮਤਦਾਤਾਵਾਂ ਨੂੰ ਵੋਟ ਪਾਉਣ ਲਈ ਇੱਕ ਨਿਯਤ ਸਥਾਨ ਦਿੱਤਾ ਜਾਂਦਾ ਸੀ, ਇਸ ਸਾਲ ਦੀਆਂ ਚੋਣਾਂ ਵਿੱਚ, ਸਿਟੀ ਆਫ ਬ੍ਰੈਂਪਟਨ ਨੇ ਲੋਕਾਂ ਨੂੰ ਉਸ ਵਾਰਡ ਦੇ ਅੰਦਰ, ਜਿੱਥੇ ਉਹ ਰਹਿੰਦੇ ਹਨ, 10-15 ਵੋਟਿੰਗ ਸਥਾਨਾਂ ਦਾ ਵਿਕਲਪ ਮੁਹੱਈਆ ਕਰਦੇ ਹੋਏ, "ਆਪਣੇ ਵਾਰਡ ਵਿੱਚ ਕਿਤੇ ਵੀ ਵੋਟ ਪਾਓ" ਦੀ ਚੋਣ ਪੇਸ਼ ਕੀਤੀ ਹੈ। ਸਿਟੀ ਦੀ ਵੈਬਸਾਈਟ 'ਤੇ ਇੱਕ interactive map (ਇੰਟਰਐਕਟਿਵ ਨਕਸ਼ਾ) ਵੋਟ ਪਾਉਣ ਦੀ ਤੁਹਾਡੀ ਮਨਪਸੰਦ ਥਾਂ ਲੱਭਣ ਵਿੱਚ ਤੁਹਾਡੀ ਮਦਦ ਕਰਦਾ ਹੈ। ਫੇ ਨੇ ਕਿਹਾ, "ਜਿਵੇਂ ਤੁਸੀਂ ਕੰਮ ਲਈ ਇੱਧਰ-ਉੱਧਰ ਜਾਂਦੇ ਹੋ, ਆਪਣੇ ਕਾਰਜ ਸਥਾਨ ਵਿਖੇ ਜਾਂਦੇ ਹੋ ਅਤੇ ਉੱਥੋਂ ਵਾਪਸ ਆਉਂਦੇ ਹੋ, ਪੜ੍ਹਦੇ ਹੋ, ਖੇਡਦੇ ਹੋ ਜਾਂ ਪੂਜਾ ਕਰਦੇ ਹੋ – ਉਸੇ ਤਰ੍ਹਾਂ ਵੋਟ ਪਾਉਣ ਲਈ ਵੀ ਥੋੜ੍ਹਾ ਸਮਾਂ ਕੱਢੋ। ਇਹ ਬ੍ਰੈਂਪਟਨ ਦੇ ਭਵਿੱਖ ਨੂੰ ਬਿਹਤਰ ਬਣਾਉਣ ਵਿੱਚ ਬਹੁਤ ਸਹਾਇਕ ਹੋ ਸਕਦਾ ਹੈ।"

ਜੋ ਮਤਦਾਤਾ ਜਲਦੀ ਵੋਟ ਪਾਉਣਾ ਚਾਹੁੰਦੇ ਹਨ, ਉਹ ਇਹਨਾਂ ਐਡਵਾਂਸ ਵੋਟਿੰਗ (Advance Voting) ਤਾਰੀਖਾਂ ਨੂੰ ਅਜਿਹਾ ਕਰ ਸਕਦੇ ਹਨ:

The Corporation of The City of Brampton
2 Wellington Street West, Brampton, ON L6Y 4R2 311 TTY: 905.874.2130

- **ਸ਼ਨੀਵਾਰ, 6 ਅਕਤੂਬਰ ਅਤੇ ਸ਼ਨੀਵਾਰ, 13 ਅਕਤੂਬਰ, ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ**
  • ਬ੍ਰੈਂਪਟਨ ਸਿਟੀ ਹਾਲ, 2 ਵੈਲਿੰਗਟਨ ਸਟ੍ਰੀਟ ਵੈਸਟ
  (Brampton City Hall, 2 Wellington St W)
- ਬ੍ਰੈਂਪਟਨ ਸੌਕਰ ਸੈਂਟਰ, 1495 ਸੈਂਡਲਵੁਡ ਪਾਰਕਵੇ ਈਸਟ
  (Brampton Soccer Centre, 1495 Sandalwood Pkwy E)
- ਕੈਸੀ ਕੈਂਪਬੈਲ ਕਮਿਊਨਿਟੀ ਸੈਂਟਰ, 1050 ਸੈਂਡਲਵੁਡ ਪਾਰਕਵੇ ਵੈਸਟ
  (Cassie Campbell Community Centre, 1050 Sandalwood Pkwy W)
- ਸੈਂਚੁਰੀ ਗਾਰਡਨਸ ਰੇਕ੍ਰੀਏਸ਼ਨ ਸੈਂਟਰ, 340 ਵੋਡਨ ਸਟ੍ਰੀਟ ਈਸਟ
  (Century Gardens Recreation Centre, 340 Vodden St E)
- ਡੇਵਿਡ ਸੁਜ਼ੁਕੀ ਸੈਕੰਡਰੀ ਸਕੂਲ, 45 ਡੇਵਿਸੇਲਮ ਡ੍ਰਾਈਵ
  (David Suzuki Secondary School, 45 Daviselm Dr)
- ਅਰਨਸਕਲਿਫ ਰੇਕ੍ਰੀਏਸ਼ਨ ਸੈਂਟਰ, 44 ਈਸਟਬੋਰਨ ਡ੍ਰਾਈਵ
  (Earnscliffe Recreation Centre, 44 Eastbourne Dr)
- ਗੋਰ ਮੇਡੋਜ ਕਮਿਊਨਿਟੀ ਸੈਂਟਰ, 10150 ਦ ਗੋਰ ਰੋਡ
  (Gore Meadows Community Centre, 10150 The Gore Rd)
- ਗ੍ਰੀਨਬ੍ਰਿਅਰ ਰੇਕ੍ਰੀਏਸ਼ਨ ਸੈਂਟਰ, 1100 ਸੈਂਟਰਲ ਪਾਰਕ ਡ੍ਰਾਈਵ
  (Greenbriar Recreation Centre, 1100 Central Park Dr)
- ਜਿਮ ਆਰਚਡੈਕਿਨ ਰੇਕ੍ਰੀਏਸ਼ਨ ਸੈਂਟਰ, 292 ਕੋਨੇਸਟੋਗਾ ਡ੍ਰਾਈਵ
  (Jim Archdekin Recreation Centre, 292 Conestoga Dr)
- ਸਾਊਥ ਫਲੈਚਰਸ ਸਪੋਰਟਸਪਲੈਕਸ, 500 ਰੇ ਲੌਸਨ ਬੁਲੇਵਾਰਡ

**ਮੰਗਲਵਾਰ ਤੋਂ ਵੀਰਵਾਰ, 9-11 ਅਕਤੂਬਰ, ਸਵੇਰੇ 8:30 ਵਜੇ ਤੋਂ ਰਾਤ 8 ਵਜੇ ਤੱਕ**

- ਸਿਵਿਕ ਸੈਂਟਰ, 150 ਸੈਂਟਰਲ ਪਾਰਕ ਡ੍ਰਾਈਵ
  (Civic Centre, 150 Central Park Dr)

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਨੈਟਲੀ ਸਟੋਗਡਿਲ (Natalie Stogdill)
ਮੀਡੀਆ ਕੋਆਰਡੀਨੇਟਰ
ਸਿਟੀ ਆਫ ਬ੍ਰੈਂਪਟਨ
905.874.3654 | natalie.stogdill@brampton.ca